# ਕੀ ਮੈਂ ਕਰ ਸਕਦਾ/ਸਕਦੀ ਹਾਂ ਜਾਂ ਕੀ ਮੈਂ ਨਹੀਂ ਕਰ ਸਕਦਾ/ਸਕਦੀ ਹਾਂ?

ਨਵੰਬਰ 2016 ਨੂੰ ਅਪਡੇਟ ਕੀਤਾ ਗਿਆ

## ਅੱਗ ਦੀ ਸੂਚਨਾ ਦੇਣ ਲਈ 000 ਤੇ ਫੋਨ ਕਰੋ

ਇਹ ਗਾਈਡ ਤੁਹਾਨੂੰ ਇਸ ਬਾਰੇ ਆਮ ਜਾਣਕਾਰੀ ਦਿੰਦੀ ਹੈ ਕਿ ਅੱਗ ਦੇ ਖਤਰੇ ਵਾਲੀਆਂ ਘੋਸ਼ਿਤ ਮਿਆਦਾਂ ਅਤੇ ਪੂਰੀ ਤਰ੍ਹਾਂ ਅੱਗ ਬਾਲਣ ਦੀ ਪਾਬੰਦੀ ਲੱਗੇ ਦਿਨਾਂ ਦੌਰਾਨ ਤੁਸੀਂ ਕੀ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ ਹੋ, ਜਦੋਂ ਖੁਲ੍ਹੀ ਹਵਾ ਵਿੱਚ ਅੱਗ ਬਾਲਣ ਤੇ ਕਾਨੂੰਨੀ ਪਾਬੰਦੀ ਲੱਗੀ ਹੁੰਦੀ ਹੈ।

CFA ਅੱਗ ਦੇ ਵੱਧ ਖਤਰੇ ਵਾਲੀਆਂ ਮਿਆਦਾਂ ਦੌਰਾਨ ਵਿਕਟੋਰੀਆ ਦੇ ਖੇਤਰੀ ਇਲਾਕਿਆਂ ਦੀਆਂ ਨਗਰਪਾਲਿਕਾਵਾਂ ਦੇ ਹਿਸਾਬ ਨਾਲ ਅੱਗ ਦੇ ਖਤਰੇ ਦੀਆਂ ਮਿਆਦਾਂ (ਫਾਇਰ ਡੇਂਜ਼ਰ ਪੀਰੀਅਡਜ਼) ਦੀ ਘੋਸ਼ਣਾ ਕਰਦੀ ਹੈ। ਆਪਣੀ ਥਾਂ ਬਾਰੇ ਵਧੇਰੇ ਵੇਰਵੇ ਲਈ CFA ਦੀ ਵੈੱਬਸਾਈਟ cfa.vic.gov.au ਵੇਖੋ। ਸੂਬੇ ਦੇ ਜੰਗਲਾਂ, ਨੈਸ਼ਨਲ ਪਾਰਕਾਂ ਅਤੇ ਸੁਰੱਖਿਅਤ ਸਰਕਾਰੀ ਜ਼ਮੀਨ ਵਿੱਚ ਸਾਰਾ ਸਾਲ ਅੱਗ ਸੰਬੰਧੀ ਪਾਬੰਦੀਆਂ ਲਾਗੂ ਰਹਿੰਦੀਆਂ ਹਨ। ਇਨ੍ਹਾਂ ਖੇਤਰਾਂ ਵਿੱਚ ਅੱਗ ਸੰਬੰਧੀ ਪਾਬੰਦੀਆਂ ਬਾਰੇ ਸਲਾਹ ਲਈ ਵਾਤਾਵਰਣ, ਜ਼ਮੀਨ, ਪਾਣੀ ਅਤੇ ਯੋਜਨਾ ਵਿਭਾਗ (Department of Environment, Land, Water and Planning - DELWP) ਨਾਲ ਸੰਪਰਕ ਕਰੋ। ਨਾਲ ਹੀ, ਹਮੇਸ਼ਾ ਆਪਣੀ ਨਗਰਪਾਲਿਕਾ ਨਾਲ ਇਸਦੀ ਜਾਂਚ ਕਰੋ ਕਿਉਂਕਿ ਕਈ ਨਗਰਪਾਲਿਕਾਵਾਂ ਵਿੱਚ ਪੂਰਾ ਸਾਲ ਅੱਗ ਬਾਲਣ ਸੰਬੰਧੀ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ।

CFA ਦੁਆਰਾ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀਆਂ ਉਨ੍ਹਾਂ ਦਿਨਾਂ ਦੌਰਾਨ ਲਾਈਆਂ ਜਾਂਦੀਆਂ ਹਨ ਜਦੋਂ ਅੱਗ ਦੇ ਤੇਜ਼ੀ ਨਾਲ ਫੈਲਣ ਅਤੇ ਇਸਨੂੰ ਕਾਬੂ ਕਰਨਾ ਮੁਸ਼ਕਲ ਹੋਣ ਦੀ ਸੰਭਾਵਨਾ ਹੋਵੇ। ਅੱਗ ਦੇ ਖਤਰੇ ਵਾਲੀਆਂ ਮਿਆਦਾਂ ਅਤੇ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਦੌਰਾਨ ਅੱਗ ਬਾਲਣ ਲਈ ਹਰਜ਼ਾਨਿਆਂ ਵਿੱਚ ਵੱਡੇ ਜ਼ੁਰਮਾਨੇ ਅਤੇ ਸੰਭਾਵੀ ਸਜ਼ਾ ਸ਼ਾਮਿਲ ਹੋ ਸਕਦੀ ਹੈ।

### ਕੀ ਮੈਂ ਬਾਰਬਿਕਯੂ ਕਰ ਸਕਦਾ/ਸਕਦੀ ਹਾਂ, ਕੈਂਪ ਫਾਇਰ ਲਗਾ ਸਕਦਾ/ਸਕਦੀ ਹਾਂ ਜਾਂ ਨਿੱਘ ਜਾਂ ਆਰਾਮ ਲਈ ਅੱਗ ਬਾਲ ਸਕਦਾ/ਸਕਦੀ ਹਾਂ?





#### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਹਵਾ 10 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਵੱਧ ਨਾਲ ਨਾ ਚੱਲ ਰਹੀ ਹੋਵੇ (ਜੇਕਰ ਪੱਤੇ ਅਤੇ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ ਤਾਂ ਇਹ ਮੰਨਿਆ ਜਾ ਸਕਦਾ ਹੈ)
- ਅੱਗ **ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ** ਵਿੱਚ ਜਾਂ **30** ਸੈਂਟੀਮੀਟਰ ਡੂੰਘੀ ਖਾਈ ਵਿੱਚ ਬਾਲੀ ਜਾਵੇ
- ਅੱਗ ਦੇ ਬਾਹਰੀ ਘੇਰੇ ਅਤੇ ਅੱਗ ਦੇ ਸਭ ਤੋਂ ਉੱਪਰਲੇ ਨੋਕ ਤੋਂ 3 ਮੀਟਰ ਦੀ ਦੂਰੀ ਤੱਕ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਾ ਪਈ ਹੋਵੇ
- ਅੱਗ 1 ਵਰਗ ਮੀਟਰ ਤੋਂ ਵੱਧ ਦੀ ਥਾਂ ਤੇ ਨਾ ਫੈਲਦੀ ਹੋਵੇ ਅਤੇ ਵਰਤੋਂ ਕੀਤੇ ਠੋਸ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ ਘੱਟ ਜ਼ਰੂਰਤ ਵਾਲਾ ਹੋਵੇ
- ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ੍ਹੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ

ਧਿਆਨ ਦਿਓ ਕਿ CFA Act 1958 ਮੁਤਾਬਕ, ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ ਉਹ ਫਾਇਰਪਲੇਸ ਹੁੰਦੀ ਹੈ ਜਿਸਦਾ ਨਿਰਮਾਣ ਪੱਥਰ, ਧਾਤ, ਕੰਕਰੀਟ ਜਾਂ ਕਿਸੇ ਗੈਰ-ਜਲਣਸ਼ੀਲ ਸਮੱਗਰੀ ਨਾਲ ਕੀਤਾ ਗਿਆ ਹੋਵੇ ਜੋ ਕਿ ਅੱਗ ਦੇ ਘੇਰੇ ਨੂੰ ਰੋਕ ਕੇ ਰੱਖੇ। ਵਪਾਰਕ ਤੌਰ 'ਤੇ ਨਿਰਮਿਤ ਬਾਰਬਿਕਯੂ ਨੂੰ ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ ਮੰਨਿਆ ਜਾਂਦਾ ਹੈ।

#### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਣ ਵਾਲੇ ਦਿਨਾਂ ਦੌਰਾਨ ਸਾਰੀਆਂ ਕੈਂਪ ਫਾਇਰਜ਼, ਨਿੱਘ ਲੈਣ ਜਾਂ ਨਿੱਜੀ ਆਰਾਮ ਲਈ ਅੱਗ ਬਾਲਣ ਤੇ ਪਾਬੰਦੀ ਲੱਗੀ ਹੁੰਦੀ ਹੈ। ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਣ ਵਾਲੇ ਦਿਨਾਂ ਦੌਰਾਨ ਠੋਸ ਅਤੇ ਤਰਲ ਬਾਲਣਾ ਵਾਲੇ ਬਾਰਬਿਕਯੂ ਅਤੇ ਓਵਨ (ਹੈਂਜਿਸ ਸਮੇਤ) ਦੀ ਵਰਤੋਂ ਤੇ ਵੀ ਪਾਬੰਦੀ ਲੱਗੀ ਹੁੰਦੀ ਹੈ।**

**ਨਹੀਂ, ਬਸ਼ਤਰੇ ਕਿ:**

- ਬਾਰਬਿਕਯੂ ਸਿਰਫ ਗੈਸ ਜਾਂ ਬਿਜਲੀ ਦੀ ਵਰਤੋਂ ਕਰਕੇ ਇਸਤੇਮਾਲ ਕੀਤੇ ਜਾਣ ਵਾਲਾ ਹੋਵੇ ਅਤੇ ਇਹ ਸਥਾਈ ਤੌਰ ਨਾਲ ਸਥਿਰ ਬਣਤਰ ਵਾਲਾ ਹੋਵੇ ਜਿਸਦਾ ਨਿਰਮਾਣ ਪੱਥਰ, ਧਾਤ, ਕੰਕਰੀਟ ਜਾਂ ਕਿਸੇ ਹੋਰ ਗੈਰ-ਜਲਣਸ਼ੀਲ ਸਮੱਗਰੀ ਨਾਲ ਖਾਸ ਕਰਕੇ ਭੋਜਨ ਬਣਾਉਣ ਲਈ ਕੀਤਾ ਗਿਆ ਹੋਵੇ, ਜਾਂ ਇਸਦਾ ਡਿਜ਼ਾਇਨ ਅਤੇ ਵਪਾਰਕ ਤੌਰ 'ਤੇ ਨਿਰਮਾਣ ਸਿਰਫ ਭੋਜਨ ਬਣਾਉਣ ਲਈ ਕੀਤਾ ਗਿਆ ਹੋਵੇ (ਪੋਰਟੇਬਲ ਬਾਰਬਿਕਯੂ ਸਮੇਤ), ਅਤੇ ਜਦੋਂ ਕਿਸੇ ਸਥਿਰ ਥਾਂ ਤੇ ਰੱਖ ਕੇ ਇਸਨੂੰ ਬਾਲਿਆ ਜਾਵੇ
- ਬਾਰਬਿਕਯੂ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਤੱਕ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਾ ਪਈ ਹੋਵੇ
- ਤਤਕਾਲੀਨ ਵਰਤੋਂ ਲਈ ਤੁਸੀਂ ਪਾਣੀ ਦੀ ਸਪਲਾਈ ਤੇ ਕੋਈ ਹੋਜ਼ ਕਨੇਕਟ ਕੀਤੀ ਹੋਵੇ ਜਾਂ ਤੁਹਾਡੇ ਕੋਲ ਘੱਟੋ ਘੱਟ 10 ਲੀਟਰ ਪਾਣੀ ਵਾਲਾ ਕੰਟੇਨਰ ਮੌਜੂਦ ਹੋਵੇ
- ਅੱਗ ਬਲੀ ਹੋਣ ਸਮੇਂ ਹਰ ਵੇਲ੍ਹੇ ਕੋਈ ਬਾਲਿਗ ਉੱਥੇ ਮੌਜੂਦ ਹੋਵੇ ਜਿਸ ਕੋਲ ਅੱਗ ਬੁਝਾਉਣ ਦੇ ਸਾਧਨ ਅਤੇ ਸਮਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ

### ਮੈਂ ਭੋਜਨ ਬਣਾਉਣ ਦਾ ਵਪਾਰ ਕਰਦਾ/ਕਰਦੀ ਹਾਂ (ਜਿਵੇਂ ਕਿ: ਕੇਟਰਿੰਗ), ਜਾਂ ਮੈਂ ਕਿਸੇ ਭਾਈਚਾਰੇ(ਕਮਯੂਨਿਟੀ)/ਚੈਰੀਟੇਬਲ/ਚੰਦਾ ਜਮ੍ਹਾ ਕਰਨ ਵਾਲੀ ਜਾਂ ਕਿਸੇ ਅਜਿਹੀ ਸੰਸਥਾ ਦੀ ਨੁਮਾਇੰਦਗੀ ਕਰਦਾ/ਕਰਦੀ ਹਾਂ। ਕੀ ਮੈਂ ਕਿਸੇ ਬਾਹਰੀ ਖੇਤਰ ਵਿੱਚ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਲਈ ਬਾਰਬਿਕਯੂ, ਕੂਕਰ ਜਾਂ ਹਾਟਪਲੇਟ ਦਾ ਇਸਤੇਮਾਲ ਕਰਨ ਲਈ ਅੱਗ ਬਾਲਣ ਦਾ ਸੇਟ-ਅਪ ਅਤੇ ਫਿਰ ਅੱਗ ਬਾਲ ਸਕਦਾ/ਸਕਦੀ ਹਾਂ?



#### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਹਵਾ 10 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਵੱਧ ਨਾਲ ਨਾ ਚੱਲ ਰਹੀ ਹੋਵੇ (ਜੇਕਰ ਪੱਤੇ ਅਤੇ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ ਤਾਂ ਇਹ ਮੰਨਿਆ ਜਾ ਸਕਦਾ ਹੈ)
- ਅੱਗ **ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ** ਵਿੱਚ ਜਾਂ **30** ਸੈਂਟੀਮੀਟਰ ਡੂੰਘੀ ਖਾਈ ਵਿੱਚ ਬਾਲੀ ਜਾਵੇ
- ਅੱਗ ਦੇ ਬਾਹਰੀ ਘੇਰੇ ਅਤੇ ਅੱਗ ਦੇ ਸਭ ਤੋਂ ਉੱਪਰਲੇ ਨੋਕ ਤੋਂ 3 ਮੀਟਰ ਦੀ ਦੂਰੀ ਤੱਕ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਾ ਪਈ ਹੋਵੇ
- ਅੱਗ 1 ਵਰਗ ਮੀਟਰ ਤੋਂ ਵੱਧ ਦੀ ਥਾਂ ਤੇ ਨਾ ਫੈਲਦੀ ਹੋਵੇ ਅਤੇ ਵਰਤੋਂ ਕੀਤੇ ਠੋਸ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ ਘੱਟ ਜ਼ਰੂਰਤ ਵਾਲਾ ਹੋਵੇ
- ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ੍ਹੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ

ਜੇਕਰ ਤੁਸੀਂ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਹੋ ਤਾਂ ਤੁਹਾਡੇ ਲਈ CFA ਦੇ ਕਿਸੇ ਡਿਸਟਿਕ ਦਫਤਰ ਤੋਂ ਪਰਮਿਟ ਲੈਣ ਦੀ ਬਿਨਤੀ ਕਰਨੀ ਜ਼ਰੂਰੀ ਹੋਵੇਗੀ।

#### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ, ਬਸ਼ਰਤੇ ਕਿ ਤੁਹਾਡੇ ਕੋਲ CFA, MFB ਜਾਂ DELWP ਦੁਆਰਾ ਜਾਰੀ ਕੀਤਾ ਗਿਆ ਲਿਖਤੀ ਪਰਮਿਟ ਹੋਵੇ ਅਤੇ ਤੁਸੀਂ ਉਸ ਪਰਮਿਟ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਵੇ।**

ਕੋਈ ਕਮਯੂਨਿਟੀ ਸੰਸਥਾ, ਚੈਰੀਟੇਬਲ ਸੰਸਥਾ ਜਾਂ ਚੰਦਾ ਜਮ੍ਹਾ ਕਰਨ ਦੇ ਕੰਮ ਵਿੱਚ ਸ਼ਾਮਿਲ ਕੋਈ ਸੰਸਥਾ (ਜਿਵੇਂ ਕਿ ਕੋਈ ਸਕੂਲ ਜਾਂ ਖੇਡਾਂ ਵਾਲਾ ਸਮੂਹ) ਆਪਣੇ ਕੰਮ-ਕਾਜ ਦੌਰਾਨ ਹੋਰ ਲੋਕਾਂ ਲਈ ਭੋਜਨ ਬਣਾਉਣ ਵਾਸਤੇ ਅੱਗ ਬਾਲਣ ਲਈ ਮਨਜ਼ੂਰੀ ਲੈਣ ਲਈ ਬਿਨਤੀ ਕਰ ਸਕਦੀ ਹੈ। ਇਹ ਪਰਮਿਟ ਲੋਕਲ CFA ਡਿਸਟਿਕ ਦਫਤਰਾਂ, CFA ਦੇ ਮੁੱਖ ਦਫਤਰਾਂ, MFB ਡਿਸਟਿਕ ਦਫਤਰਾਂ, ਜਾਂ ਅੱਗ ਲਈ ਸੁਰੱਖਿਆ ਵਾਲੇ ਖੇਤਰਾਂ ਵਿੱਚ DELWP ਦੇ ਚੀਫ ਫਾਇਰ ਅਫਸਰ ਦੀ ਮਰਜ਼ੀ ਨਾਲ ਜਾਰੀ ਕੀਤੇ ਜਾਂਦੇ ਹਨ।

ਨਗਰਪਾਲਿਕਾ ਦੇ ਫਾਇਰ ਪਰਵੈਨਸ਼ਨ ਅਫਸਰ ਇਹ ਪਰਮਿਟ ਜਾਰੀ ਨਹੀਂ ਕਰ ਸਕਦੇ।

# ਕੀ ਮੈਂ ਕਰ ਸਕਦਾ/ਸਕਦੀ ਹਾਂ ਜਾਂ ਕੀ ਮੈਂ ਨਹੀਂ ਕਰ ਸਕਦਾ/ਸਕਦੀ ਹਾਂ?

**ਅੱਗ ਦੀ ਸੂਚਨਾ ਦੇਣ ਲਈ 000 ਤੇ ਫੋਨ ਕਰੋ**

## ਕੀ ਮੈਂ ਸਪਿਟ ਸਟਾਇਲ ਰੋਟੀਸਰੀ ਦੀ ਵਰਤੋਂ ਕਰ ਸਕਦਾ/ਸਕਦੀ ਹਾਂ ਜਿਸ ਵਿੱਚ ਹੀਟ ਬੀਡਜ਼, ਲੱਕੜ ਜਾਂ ਹੋਰ ਠੋਸ ਬਾਲਣ ਦੀ ਵਰਤੋਂ ਨਾਲ ਅੱਗ ਲਾਈ ਜਾਵੇ?



### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਹਵਾ 10 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਵੱਧ ਨਾਲ ਨਾ ਚੱਲ ਰਹੀ ਹੋਵੇ (ਜੇਕਰ ਪੱਤੇ ਅਤੇ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ ਤਾਂ ਇਹ ਮੰਨਿਆ ਜਾ ਸਕਦਾ ਹੈ)
- ਅੱਗ **ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ** ਵਿੱਚ ਜਾਂ 30 ਸੈਂਟੀਮੀਟਰ ਡੂੰਘੀ ਖਾਈ ਵਿੱਚ ਬਾਲੀ ਜਾਵੇ
- ਅੱਗ ਦੇ ਬਾਹਰੀ ਘੇਰੇ ਅਤੇ ਅੱਗ ਦੇ ਸਭ ਤੋਂ ਉੱਪਰਲੇ ਨੋਕ ਤੋਂ 3 ਮੀਟਰ ਦੀ ਦੂਰੀ ਤੱਕ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਾ ਪਈ ਹੋਵੇ
- ਅੱਗ 1 ਵਰਗ ਮੀਟਰ ਤੋਂ ਵੱਧ ਦੀ ਥਾਂ ਤੇ ਨਾ ਫੈਲਦੀ ਹੋਵੇ ਅਤੇ ਵਰਤੋਂ ਕੀਤੇ ਠੋਸ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ ਘੱਟ ਜ਼ਰੂਰਤ ਵਾਲਾ ਹੋਵੇ
- ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ੍ਹੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ**

**ਪੂਰੀ ਤਰ੍ਹਾਂ ਨਾਲ ਅੱਗ ਬਾਲਣ ਦੀ ਪਾਬੰਦੀ ਵਾਲੇ ਦਿਨਾਂ ਦੌਰਾਨ ਠੋਸ ਬਾਲਣ ਵਾਲੇ ਬਾਰਬਿਕਯੂ ਦੀ ਖੁਲ੍ਹੀ ਹਵਾ ਵਿੱਚ ਵਰਤੋਂ ਕਰਨ ਤੇ ਪਾਬੰਦੀ ਲੱਗੀ ਹੁੰਦੀ ਹੈ।**

ਧਿਆਨ ਦਿਓ ਕਿ CFA Act 1958 ਮੁਤਾਬਕ, ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ ਉਹ ਫਾਇਰਪਲੇਸ ਹੁੰਦੀ ਹੈ ਜਿਸਦਾ ਨਿਰਮਾਣ ਪੱਥਰ, ਧਾਤ, ਕੰਕਰੀਟ ਜਾਂ ਕਿਸੇ ਗੈਰ-ਜਲਣਸ਼ੀਲ ਸਮੱਗਰੀ ਨਾਲ ਕੀਤਾ ਗਿਆ ਹੋਵੇ ਜੋ ਕਿ ਅੱਗ ਦੇ ਘੇਰੇ ਨੂੰ ਰੋਕ ਕੇ ਰੱਖੇ। ਵਪਾਰਕ ਤੌਰ 'ਤੇ ਨਿਰਮਿਤ ਬਾਰਬਿਕਯੂ ਨੂੰ ਚੰਗੀ-ਤਰ੍ਹਾਂ ਨਾਲ ਨਿਰਮਿਤ ਫਾਇਰਪਲੇਸ ਮੰਨਿਆ ਜਾਂਦਾ ਹੈ।

## ਕੀ ਮੈਂ ਗੈਸ ਨਾਲ ਚੱਲਣ ਵਾਲੀ ਜੰਗਲੀ ਜੀਵਾਂ ਨੂੰ ਡਰਾਉਣ ਵਾਲੀ ਬੰਦੂਕ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?



### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਤੁਹਾਡੇ ਕੋਲ ਮੌਜੂਦਾ ਸ਼ਡਿਊਲ 14 ਪਰਮਿਟ ਹੈ ਅਤੇ ਤੁਸੀਂ ਹਰੇਕ ਸ਼ਰਤ ਦੀ ਪਾਲਣਾ ਕਰਦੇ ਹੋ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ**

ਗੈਸ ਨਾਲ ਚੱਲਣ ਵਾਲੀ ਜੰਗਲੀ ਜੀਵਾਂ ਨੂੰ ਡਰਾਉਣ ਵਾਲੀ ਬੰਦੂਕ ਦੀ ਵਰਤੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਦੌਰਾਨ ਨਹੀਂ ਕੀਤੀ ਜਾ ਸਕਦੀ ਹੈ।

## ਕੀ ਮੈਂ ਘਾਹ, ਤੂੜੀ, ਜੰਗਲੀ ਘਾਹ, ਰੁੱਖਾਂ ਦੇ ਹੇਠਾਂ ਉੱਗਣ ਵਾਲੀ ਝਾੜ ਜਾਂ ਹੋਰ ਬਨਸਪਤੀ ਨੂੰ ਸਾੜਣ ਲਈ ਖੁਲ੍ਹੀ ਹਵਾ ਵਿੱਚ ਅੱਗ ਬਾਲ ਸਕਦਾ/ਸਕਦੀ ਹਾਂ?



### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਤੁਹਾਡੇ ਕੋਲ ਨਗਰਪਾਲਿਕਾ ਦੇ ਫਾਇਰ ਪਰਵੈਨਸ਼ਨ ਅਫਸਰ ਜਾਂ ਕਿਸੇ CFA ਡਿਸਟਿਕ ਆਫਿਸ ਵਲੋਂ ਜਾਰੀ ਕੀਤਾ ਲਿਖਤੀ ਪਰਮਿਟ ਹੈ
- ਤੁਹਾਡੇ ਕੋਲ ਕਿਸੇ ਸਰਕਾਰੀ ਅਥਾਰਟੀ ਦੇ ਫਾਇਰ ਪਰਵੈਨਸ਼ਨ ਅਫਸਰ ਦੁਆਰਾ ਜਾਰੀ ਕੋਈ ਲਿਖਤੀ ਪਰਮਿਟ ਹੋਵੇ
- ਤੁਸੀਂ ਉਸ ਪਰਮਿਟ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋ
- ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ੍ਹੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ।

ਕਈ ਨਗਰਪਾਲਿਕਾਵਾਂ ਦੇ ਆਪਣੇ ਲੋਕਲ ਕਾਨੂੰਨ ਹੁੰਦੇ ਹਨ ਜੋ ਆਪਣੀਆਂ ਨਗਰਪਾਲਿਕਾਵਾਂ ਵਿੱਚ ਕੁੱਝ ਖਾਸ ਦਿਨਾਂ ਤੇ ਜਾਂ ਕੁੱਝ ਖਾਸੀਆਂ ਥਾਵਾਂ ਤੇ ਜਾਂ ਕੁੱਝ ਖਾਸੇ ਸਮਿਆਂ ਤੇ ਅੱਗ ਲਾ ਕੇ ਸਾੜਣ ਦੇ ਕੰਮਾਂ ਉੱਤੇ ਪਾਬੰਦੀ ਲਾਉਂਦੇ ਹਨ। ਨਗਰਪਾਲਿਕਾ ਦੇ ਫਾਇਰ ਪਰਵੈਨਸ਼ਨ ਅਫਸਰ ਨਾਲ ਇਸਦੀ ਜਾਂਚ ਕਰੋ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ**

ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਦੌਰਾਨ ਘਾਹ, ਝਾੜ, ਰੁੱਖਾਂ ਦੇ ਹੇਠਾਂ ਉੱਗਣ ਵਾਲੀ ਝਾੜ ਜਾਂ ਕੂੜੇ ਨੂੰ ਸਾੜਣ ਲਈ ਖੁਲ੍ਹੀ ਹਵਾ ਵਿੱਚ ਹਰ ਤਰ੍ਹਾਂ ਦੀ ਅੱਗ ਬਾਲਣ ਤੇ ਪਾਬੰਦੀ ਲੱਗੀ ਹੁੰਦੀ ਹੈ।

ਨਗਰਪਾਲਿਕਾ ਦੇ ਫਾਇਰ ਪਰਵੈਨਸ਼ਨ ਅਫਸਰਾਂ ਦੁਆਰਾ ਜਾਰੀ ਕੀਤੇ ਸਾਰੇ ਪਰਮਿਟ ਅੱਗ ਬਾਲਣ ਤੇ ਪੂਰੀ ਤਰ੍ਹਾਂ ਲੱਗੀ ਪਾਬੰਦੀ ਵਾਲੇ ਦਿਨਾਂ ਲਈ ਮੁਅੱਤਲ ਕਰ ਦਿੱਤੇ ਜਾਂਦੇ ਹਨ।

ਪਹਿਲਾਂ ਤੋਂ ਲੱਗੀ ਕਿਸੇ ਅੱਗ, ਇਸ ਵਿੱਚ ਅੱਗ ਦੇ ਖਤਰੇ ਦੀ ਮਿਆਦ ਲਈ ਛੋਟ ਜਾਂ ਪਰਮਿਟ ਹੇਠ ਮਨਜ਼ੂਰਸ਼ੁਦਾ ਅੱਗ ਸ਼ਾਮਿਲ ਹੈ, ਤੇ ਮਨਾਹੀ ਲਾਈ ਜਾਂਦੀ ਹੈ ਅਤੇ ਪੂਰੀ ਤਰ੍ਹਾਂ ਅੱਗ ਬਾਲਣ ਦੀ ਪਾਬੰਦੀ ਸ਼ੁਰੂ ਹੋਣ ਤੋਂ ਪਹਿਲਾਂ ਇਸਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਜਾਣਾ ਚਾਹੀਦਾ ਹੈ।

## ਕੀ ਮੈਂ ਉਨ੍ਹਾਂ ਥਾਵਾਂ ਤੇ ਗੱਡੀ ਚੱਲਾ ਸਕਦਾ/ਸਕਦੀ ਹਾਂ ਜਿੱਥੇ ਗੱਡੀ ਫਸਲਾਂ, ਘਾਹ, ਤੂੜੀ, ਜੰਗਲੀ ਘਾਹ, ਰੁੱਖਾਂ ਦੇ ਹੇਠਾਂ ਉੱਗਣ ਵਾਲੀ ਝਾੜ ਜਾਂ ਹੋਰ ਬਨਸਪਤੀ ਦੇ ਸੰਪਰਕ ਵਿੱਚ ਆਵੇਗੀ?

### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਗੱਡੀ ਵਿੱਚ ਇੱਕ ਕੁਸ਼ਲ ਸਾਇਲੇਂਸਿੰਗ ਡਿਵਾਇਸ (ਜਿਵੇਂ ਕਿ ਮਫਰ) ਲੱਗਿਆ ਹੈ ਜੋ ਕਿ ਇੰਜਨ ਤੋਂ ਸਾਰਾ ਇਗਜ਼ੌਸਟ (ਨਿਕਾਸ) ਸਾਇਲੇਂਸਿੰਗ ਡਿਵਾਇਸ ਵਿੱਚ ਲੈ ਜਾਂਦਾ ਹੈ।

ਤੁਹਾਨੂੰ ਗਰਮੀ ਅਤੇ ਸੁੱਕੇ ਮੌਸਮ ਦੀਆਂ ਸਥਿਤੀਆਂ ਵਿੱਚ ਸੁੱਕੀ ਬਨਸਪਤੀ ਤੇ ਗੱਡੀ ਚਲਾਉਣ ਤੋਂ ਬਚਾਓ ਕਰਨਾ ਚਾਹੀਦਾ ਹੈ ਭਾਵੇਂ ਕਿ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਨਾ ਲੱਗੀ ਹੋਵੇ, ਕਿਉਂਕਿ ਗਰਮ ਇਗਜ਼ੌਸਟ ਸਿਸਟਮ ਨਾਲ ਅੱਗ ਲੱਗਣ ਦਾ ਖਤਰਾ ਹੁੰਦਾ ਹੈ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ, ਬਸ਼ਤਰੇ ਕਿ:**

- ਗੱਡੀ ਵਿੱਚ ਇੱਕ ਕੁਸ਼ਲ ਸਾਇਲੇਂਸਿੰਗ ਡਿਵਾਇਸ (ਜਿਵੇਂ ਕਿ ਮਫਰ) ਲੱਗਿਆ ਹੈ ਜੋ ਕਿ ਇੰਜਨ ਤੋਂ ਸਾਰਾ ਇਗਜ਼ੌਸਟ (ਨਿਕਾਸ) ਸਾਇਲੇਂਸਿੰਗ ਡਿਵਾਇਸ ਵਿੱਚ ਲੈ ਜਾਂਦਾ ਹੈ।

ਜਿੱਥੇ ਸੰਭਵ ਹੋਵੇ ਅਜਿਹਾ ਕਰਨ ਤੋਂ ਬਚਾਓ ਕਰਨਾ ਚਾਹੀਦਾ ਹੈ ਕਿਉਂਕਿ ਅੱਗ ਦੇ ਸ਼ੁਰੂ ਹੋਣ ਦਾ ਖਤਰਾ ਬਹੁਤ ਵੱਧ ਹੁੰਦਾ ਹੈ ਅਤੇ ਇਨ੍ਹਾਂ ਦਿਨਾਂ ਦੌਰਾਨ ਅੱਗ ਦਾ ਅਸਰ ਹੋਰ ਵੀ ਵੱਧ ਹੁੰਦਾ ਹੈ।

# ਕੀ ਮੈਂ ਕਰ ਸਕਦਾ/ਸਕਦੀ ਹਾਂ ਜਾਂ ਕੀ ਮੈਂ ਨਹੀਂ ਕਰ ਸਕਦਾ/ਸਕਦੀ ਹਾਂ?

**ਅੱਗ ਦੀ ਸੂਚਨਾ ਦੇਣ ਲਈ 000 ਤੇ ਫੋਨ ਕਰੋ**

## ਕੀ ਮੈਂ ਚੇਨਸਾ, ਪਲਾਂਟ ਜਾਂ ਗ੍ਰਾਸ ਟ੍ਰਿਮਰ ਜਾਂ ਲਾਅਨ ਮੋਅਰ ਦਾ ਇਸਤੇਮਾਲ ਕਰ ਸਕਦਾ/ਸਕਦੀ ਹਾਂ?





### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਚੇਨਸਾ, ਪਲਾਂਟ ਜਾਂ ਗ੍ਰਾਸ ਟ੍ਰਿਮਰ ਜਾਂ ਲਾਅਨ ਮੋਅਰ ਉਸ ਬਨਸਪਤੀ ਲਈ ਵਰਤੋਂ ਕੀਤੇ ਜਾਣ ਦੌਰਾਨ ਹੇਠਾਂ ਲਿੱਖੀਆਂ ਗੱਲਾਂ ਦੀ ਪਾਲਣਾ ਕਰਦਾ ਹੈ ਜਿਹੜੀ ਹਰੀ ਨਾ ਹੋਵੇ (ਜੋ ਸੁੱਕੀ ਬਨਸਪਤੀ ਹੈ):
  - ਇਸ ਵਿੱਚ ਕੋਈ ਖਰਾਬੀ ਅਤੇ ਮਸ਼ੀਨੀ(ਮਕੈਨੀਕਲ) ਨੁਕਸ ਨਹੀਂ ਹਨ ਜਿਸ ਨਾਲ ਅੱਗ ਫੈਲਣ ਦੀ ਘਟਨਾ ਹੋ ਸਕਦੀ ਹੈ
  - ਇਸ ਵਿੱਚ ਅਸਰਦਾਰ ਸਪਾਰਕ ਅਰੈਸਟਰ ਲੱਗਿਆ ਹੋਇਆ ਹੈ
  - ਇਸ ਵਿੱਚ ਮਸ਼ੀਨ ਦੇ ਆਲੇ-ਦੁਆਲੇ ਘੱਟੋ ਘੱਟ 3 ਮੀਟਰ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਹੀਂ ਹੈ

ਨਾਲ ਹੀ, ਮਸ਼ੀਨ ਦੀ ਵਰਤੋਂ ਕੀਤੇ ਜਾਣ ਸਮੇਂ ਹਰ ਵੇਲ਼ੇ ਕੋਈ ਵਿਅਕਤੀ ਉੱਥੇ ਮੌਜੂਦ ਹੋਣਾ ਚਾਹੀਦਾ ਹੈ, ਅਤੇ ਉਸਨੂੰ ਅੱਗ ਨੂੰ ਦਬਾਉਣ ਵਾਲੀਆਂ ਹੇਠਾਂ ਦਿੱਤੀਆਂ ਉਪਕਰਨ ਚੀਜ਼ਾਂ ਵਿਚੋਂ ਘੱਟੋ ਘੱਟੇ ਕੋਈ ਇੱਕ ਉਪਕਰਨ ਆਪਣੇ ਨਾਲ ਰੱਖਣਾ ਚਾਹੀਦਾ ਹੈ:

- ਇੱਕ ਨੈਪਰੈਕ ਸਪ੍ਰੇ ਪੰਪ, ਜੋ ਠੀਕ ਕੰਮ ਕਰਨ ਦੀ ਸਥਿਤੀ ਵਿੱਚ ਹੋਵੇ, ਅਤੇ 9 ਲੀਟਰ ਤੋਂ ਵੱਧ ਦੀ ਸਮਰੱਥਾ ਨਾਲ ਪਾਣੀ ਨਾਲ ਪੂਰੀ ਤਰ੍ਹਾਂ ਚਾਰਜ ਹੇਵੋ, ਜਾਂ
- ਇੱਕ ਵਾਟਰ (ਸਟੋਰਡ ਪ੍ਰੈਸ਼ਰ) ਫਾਇਰ ਐਕਸਟੰਗੁਇਸ਼ਰ, , ਜੋ ਠੀਕ ਕੰਮ ਕਰਨ ਦੀ ਸਥਿਤੀ ਵਿੱਚ ਹੋਵੇ, ਅਤੇ ਜਿਸਨੂੰ 9 ਲੀਟਰ ਤੋਂ ਵੱਧ ਦੀ ਸਮਰੱਥਾ ਨਾਲ ਪਾਣੀ ਨਾਲ ਪੂਰੀ ਤਰ੍ਹਾਂ ਚਾਰਜ ਕਰਕੇ ਅਤੇ ਸਹੀ ਪ੍ਰੈਸ਼ਰ ਤੇ ਰੱਖਿਆ ਜਾਂਦਾ ਹੈ।

ਹਰੇ ਬਨਸਪਤੀ ਵਾਲੇ ਖੇਤਰ ਵਿੱਚ ਕੰਮ ਕਰਨ ਦੀ ਇਜ਼ਾਜਤ ਹੈ, ਪਰ CFA ਉਪਕਰਨਾਂ ਦੀ ਸਾਂਭ ਕਰਨ ਅਤੇ ਉੱਪਰ ਦਿੱਤੇ ਤਰੀਕੇ ਮੁਤਾਬਕ ਅੱਗ ਨੂੰ ਦਬਾਉਣ ਵਾਲੇ ਉਪਕਰਨ ਨਾਲ ਰੱਖਣ ਦਾ ਸੁਝਾਅ ਦਿੰਦਾ ਹੈ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਦੌਰਾਨ ਜਿੱਥੇ ਸੰਭਵ ਹੋਵੇ ਅਜਿਹਾ ਕਰਨ ਤੋਂ ਬਚਾਓ ਕਰਨਾ ਚਾਹੀਦਾ ਹੈ ਕਿਉਂਕਿ ਅੱਗ ਦੇ ਸ਼ੁਰੂ ਹੋਣ ਦਾ ਖਤਰਾ ਬਹੁਤ ਵੱਧ ਹੁੰਦਾ ਹੈ ਅਤੇ ਇਨ੍ਹਾਂ ਦਿਨਾਂ ਦੌਰਾਨ ਅੱਗ ਦਾ ਅਸਰ ਹੋਰ ਵੀ ਵੱਧ ਹੁੰਦਾ ਹੈ।

ਜੇਕਰ ਕੰਮ ਲਾਜ਼ਮੀ ਹੈ, ਤਾਂ ਫਾਇਰ ਡੇਂਜ਼ਰ ਪੀਰਿਅਡ ਲਈ ਲਗਵੇਂ ਕਾਲਮ ਵਿੱਚ ਦਿੱਤੇ ਦਿਸ਼ਾਨਿਰਦੇਸ਼ਾ ਦੀ ਪਾਲਣਾ ਕਰੋ।

ਧਿਆਨ ਦਿਓ ਕਿ ਸਪਾਰਕ ਅਰੈਸਟਰ, ਨੈਪਸੈਕ ਸਪ੍ਰੇ ਪੰਪ ਅਤੇ ਵਾਟਰ ਫਾਇਰ ਐਕਸਟੰਗੁਇਸ਼ਰ, ਜਿੰਨਾ ਬਾਰੇ ਉੱਪਰ ਦੱਸਿਆ ਗਿਆ ਹੈ, ਉਹ ਲਾਗੂ ਆਸਟ੍ਰੇਲੀਆਈ ਮਿਆਰਾਂ ਦੀ ਪਾਲਣਾ ਕਰਦੇ ਹੋਣੇ ਚਾਹੀਦੇ ਹਨ।

## ਕੀ ਮੈਂ ਹੇਠਾਂ ਲਿੱਖੇ ਕੰਮ ਕਰ ਸਕਦਾ/ ਸਕਦੀ ਹਾਂ?

- **ਵੈਲਡਿੰਗ, ਗ੍ਰਾਇੰਡਿੰਗ, ਚਰਿੰਗ, ਸੋਲਜਰਿੰਗ ਜਾਂ ਗੈਸ ਕਟਿੰਗ?**
- **ਰੇਲ ਦੀ ਸਾਂਭ ਦਾ ਕੰਮ?**
- **ਬਿਟੂਮਨ ਨੂੰ ਗਰਮ ਕਰਨਾ?**
- **ਬੀ ਸਮੋਕਰ ਦੀ ਵਰਤੋਂ ਕਰਕੇ ਮਧੂ-ਮੱਖੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਣਾ?**
- **ਹੀਟ ਜਾਂ ਲਾਟ ਦੀ ਵਰਤੋਂ ਕਰਕੇ ਸ਼ਹਿਦ ਕੱਢਣਾ?**



### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

- ਅੱਗ ਤੋਂ ਚੰਗਿਆੜੀ, ਗਰਮ ਧਾਤ ਜਾਂ ਲਾਵਾ ਰੋਕਣ ਲਈ ਅੱਗ-ਰੋਧਕ ਢਾਲ ਜਾਂ ਗਾਰਡ ਲੱਗਾ ਹੋਇਆ ਹੈ
- ਕੰਮ ਕਰਨ ਤੋਂ ਘੱਟੋ ਘੱਟ 1.5 ਮੀਟਰ ਦੇ ਖੇਤਰ ਵਿੱਚ ਕੋਈ ਜਲਣਸ਼ੀਲ ਵਸਤੂ ਨਹੀਂ ਪਈ ਹੈ ਜਾਂ ਇਹ ਖੇਤਰ ਅੱਗ ਦੇ ਫੈਲਣ ਨੂੰ ਰੋਕਣ ਲਈ ਚੰਗੀ ਤਰ੍ਹਾਂ ਪਾਣੀ ਪਾ ਕੇ ਗਿੱਲਾ ਕੀਤਾ ਗਿਆ ਹੈ
- ਤੁਸੀਂ ਜਾਲੀਦਾਰ ਵਾਟਰ ਸਪਲਾਈ ਨਾਲ ਪਾਈਪ(ਹੋਜ਼) ਜੋੜੀ ਹੋਈ ਹੈ ਜਾਂ ਤੁਹਾਡੇ ਕੋਲ ਘੱਟੋ ਘੱਟ 9 ਲੀਟਰ ਪਾਣੀ ਵਾਲਾ ਵਾਟਰ ਸਪ੍ਰੇ ਦਾ ਥੈਲਾ ਹੈ
- ਕੰਮ ਕਰਨ ਨਾਲ ਸੰਬੰਧਿਤ ਸਾਰੀ ਕੱਟੀ ਹੋਈ ਅਤੇ ਗਰਮ ਸਮੱਗਰੀ ਨੂੰ ਅੱਗ-ਰੋਧਕ ਡੱਬਿਆਂ ਵਿੱਚ ਰੱਖਿਆ ਜਾਂਦਾ ਹੈ
- ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ਼ੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
- ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ**

**ਇਨ੍ਹਾਂ ਗਤੀਵਿਧੀਆਂ ਤੇ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੇ ਦਿਨਾਂ ਦੌਰਾਨ ਰੋਕ ਲੱਗੀ ਹੁੰਦੀ ਹੈ:**

ਸੀਮਿਤ ਪਰਿਸਥਿਤੀਆਂ ਵਿੱਚ, CFA, MFB ਜਾਂ DELWP ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਲਈ ਸੈਕਸ਼ਨ 40 ਪਰਮਿਟ ਜਾਰੀ ਕਰ ਸਕਦੇ ਹਨ।

ਇਹ ਪਰਮਿਟ CFA ਦੇ ਡਿਸਟਿਕ ਦਫਤਰਾਂ, CFA ਦੇ ਮੁੱਖ ਦਫਤਰਾਂ , MFB ਡਿਸਟਿਕ ਜਾਂ DELWP ਦਫਤਰਾਂ ਦੁਆਰਾ ਜਾਰੀ ਕੀਤੇ ਜਾਂਦੇ ਹਨ। ਇਹ ਪਰਮਿਟ ਨਗਰਪਾਲਿਕਾ ਦੇ ਫਾਇਰ ਪਰਵੈਨਸ਼ਨ ਅਫਸਰਾਂ ਦੁਆਰਾ ਜਾਰੀ ਨਹੀਂ ਕੀਤੇ ਜਾ ਸਕਦੇ ਹਨ।

ਸੈਕਸ਼ਨ 40 ਪਰਮਿਟ ਲਈ ਅਰਜ਼ੀ ਕਿਵੇਂ ਪਾਉਣੀ ਚਾਹੀਦੀ ਹੈ, ਇਸਦੇ ਵੇਰਵੇ ਵੇਖਣ ਲਈ ਪਿੱਛਲਾ ਸਫਾ ਵੇਖੋ

# ਕੀ ਮੈਂ ਕਰ ਸਕਦਾ/ਸਕਦੀ ਹਾਂ ਜਾਂ ਕੀ ਮੈਂ ਨਹੀਂ ਕਰ ਸਕਦਾ/ਸਕਦੀ ਹਾਂ?

**ਅੱਗ ਦੀ ਸੂਚਨਾ ਦੇਣ ਲਈ 000 ਤੇ ਫੋਨ ਕਰੋ**

## ਕੀ ਮੈਂ ਇਨਸੀਨਿਰੇਟਰ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?

### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਤਰੇ ਕਿ:**

1. ਤੁਸੀਂ ਕੌਂਸਲ ਨਾਲ ਕਿਸੇ ਅਜਿਹੇ ਲੋਕਲ ਕਾਨੂੰਨਾਂ ਦੀ ਜਾਂਚ ਕਰ ਸਕਦੇ ਹੋ ਜੋ ਇਨਸੀਨਿਰੇਟਰ ਦੀ ਵਰਤੋਂ ਤੇ ਕੋਈ ਅਜਿਹੀਆਂ ਸ਼ਰਤਾਂ ਜਾਂ ਪਾਬੰਦੀਆਂ ਲੱਗਾ ਸਕਦੇ ਹੋਣ ਜਾਂ ਇਸਦੇ ਇਸਤੇਮਾਲ ਤੇ ਮਨਾਹੀ ਲੱਗਾ ਸਕਦੇ ਹੋਣ (ਜਿਵੇਂ ਕਿ ਕੁੱਝ ਖਾਸ ਦਿਨਾਂ, ਕੁੱਝ ਖਾਸ ਖੇਤਰਾਂ ਜਾਂ ਕੁੱਝ ਖਾਸ ਸਮਿਆਂ ਦੌਰਾਨ ਪਾਬੰਦੀਆਂ)
2. ਅਤੇ ਹੇਠਾਂ ਲਿੱਖੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ:
   - ਅੱਗ ਇਨਸੀਨਿਰੇਟਰ ਅੰਦਰ ਅਸਰਦਾਰ ਢੰਗ ਨਾਲ ਸੀਮਤ ਰੱਖੀ ਜਾਂਦੀ ਹੈ
   - ਹਵਾ 10 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਵੱਧ ਨਾਲ ਨਾ ਚੱਲ ਰਹੀ ਹੋਵੇ (ਜੇਕਰ ਪੱਤੇ ਅਤੇ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ ਤਾਂ ਇਹ ਮੰਨਿਆ ਜਾ ਸਕਦਾ ਹੈ)
   - ਇਨਸੀਨਿਰੇਟਰ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਤੱਕ ਦੀ ਜ਼ਮੀਨ ਅਤੇ ਹਵਾ ਵਾਲੀ ਥਾਂ ਵਿੱਚ ਕੋਈ ਜਲਣਸ਼ੀਲ ਸਮੱਗਰੀ ਨਹੀਂ ਹੈ
   - ਅੱਗ ਬਲੀ ਹੋਣ ਸਮੇਂ ਹਰ ਵੇਲ਼ੇ ਅੱਗ ਬੁਝਾਉਣ ਲਈ ਠੀਕ ਮਾਤਰਾ ਵਿੱਚ ਪਾਣੀ ਦੀ ਸਪਲਾਈ ਮੌਜੂਦ ਹੈ
   - ਅੱਗ ਬੱਲੀ ਹੋਣ ਸਮੇਂ ਵਿਅਕਤੀ ਹਰ ਵੇਲ਼ੇ ਉੱਥੇ ਮੌਜੂਦ ਹੋਵੇ ਅਤੇ ਉਸ ਕੋਲ ਅੱਗ ਬੁੱਝਾਉਣ ਦੇ ਸਾਧਨ ਅਤੇ ਸਮੱਰਥਾ ਹੋਵੇ
   - ਵਿਅਕਤੀ ਦੇ ਜਗ੍ਹਾ ਛੱਡ ਕੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਨਾਲ ਬੁੱਝਾ ਦਿੱਤੀ ਜਾਵੇ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

**ਨਹੀਂ**

ਅੱਗ ਬਾਲਣ ਦੀ ਪੂਰੀ ਤਰ੍ਹਾਂ ਪਾਬੰਦੀ ਵਾਲੇ ਦਿਨਾਂ ਦੌਰਾਨ ਇਨਸੀਨਿਰੇਟਰ ਦੀ ਵਰਤੋਂ ਤੇ ਪਾਬੰਦੀ ਲੱਗੀ ਹੁੰਦੀ ਹੈ

ਧਿਆਨ ਦਿਓ ਕਿ CFA Act 1958 ਮੁਤਾਬਕ ਇਨਸੀਨਿਰੇਟਰ ਇੱਕ ਅਜਿਹੀ ਬਣਤਰ ਜਾਂ ਇੱਕ ਅਜਿਹਾ ਉਪਕਰਨ ਹੈ ਜਿਸਦੀ ਵਰਤੋਂ ਸਾੜਣ ਦੀ ਪ੍ਰਕ੍ਰਿਆ ਦੁਆਰਾ ਅਣਚਾਹੀ ਸਮੱਗਰੀ ਨੂੰ ਨਸ਼ਟ ਕਰਨ ਜਾਂ ਇਸਦਾ ਨਿਪਟਾਰਾ ਕਰਨ ਲਈ ਕੀਤੀ ਜਾਂਦੀ ਹੈ, ਜਾਂ ਕੀਤੀ ਜਾ ਸਕਦੀ ਹੈ ਅਤੇ:

- ਇਸਦਾ ਨਿਰਮਾਣ ਗੈਰ-ਜਲਣਸ਼ੀਲ ਸਮੱਗਰੀ ਤੋਂ ਕੀਤੀ ਜਾਂਦੀ ਹੈ, ਅਤੇ
- ਇਸ ਵਿੱਚ ਗੈਰ-ਜਲਣਸ਼ੀਲ ਸਮੱਗਰੀ ਦੀ ਸ਼ੀਲਡ ਜਾਂ ਰੋਧਕ ਲੱਗੀ ਹੁੰਦੀ ਹੈ ਤਾਂਜੋ ਚੰਗਿਆੜੀਆਂ, ਅੰਗਾਰਿਆਂ ਜਾਂ ਹੋਰ ਜਲਣ ਸਮੱਗਰੀ ਦੇ ਨਿਕਾਸ ਦੀ ਰੋਕਥਾਮ ਕੀਤੀ ਜਾ ਸਕੇ।

## ਕੀ ਮੈਂ ਕਿਸੇ ਫਸਲ, ਘਾਹ, ਤੂੜੀ, ਜੰਗਲੀ ਘਾਹ, ਰੁੱਖਾਂ ਦੇ ਹੇਠਾਂ ਉੱਗਣ ਵਾਲੀ ਝਾੜ ਜਾਂ ਹੋਰ ਬਨਸਪਤੀ ਤੋਂ 9 ਮੀਟਰ ਦੀ ਦੂਰੀ ਤੱਕ ਆਪਣੇ ਆਪ ਚੱਲਣ ਵਾਲੀ ਫਾਰਮ ਮਸ਼ੀਨਰੀ, ਟ੍ਰੇਕਟਰਾਂ, ਸ਼ਲੈਸ਼ਰ, ਅਰਥ-ਮੂਵਿੰਗ, ਖੁਦਾਈ ਜਾਂ ਸੜਕ-ਬਣਾਉਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?

### ਅੱਗ ਦੇ ਖਤਰੇ (ਫਾਇਰ ਡੇਂਜ਼ਰ) ਵਾਲੀ ਮਿਆਦ ਦੌਰਾਨ

**ਨਹੀਂ, ਬਸ਼ਰਤੇ ਕਿ ਮਸ਼ੀਨਰੀ:**

- ਵਿੱਚ ਕੋਈ ਖਰਾਬੀ ਅਤੇ ਮਸ਼ੀਨੀ(ਮਕੈਨੀਕਲ) ਨੁਕਸ ਨਹੀਂ ਹਨ ਜਿਸ ਨਾਲ ਅੱਗ ਫੈਲਣ ਦੀ ਘਟਨਾ ਹੋ ਸਕਦੀ ਹੈ
- ਵਿੱਚ ਠੀਕ ਕੰਮ ਕਰਦਾ ਸਪਾਰਕ ਅਰੈਸਟਰ, ਟਰਬੋਚਾਰਜਰ ਜਾਂ ਇਗਜ਼ੋਸਟ ਐਸਪੀਰੇਟਿਡ ਏਅਰ ਕਲੀਨਰ ਲੱਗਿਆ ਹੋਇਆ ਹੈ
- ਵਿੱਚ ਅੱਗ ਨੂੰ ਦਬਾਉਣ ਵਾਲੇ ਉਪਕਰਨ ਲੱਗੇ ਹਨ ਜਿਸ ਵਿੱਚ ਜਾਂ ਤਾਂ:
  - ਘੱਟੋ ਘੱਟ ਇੱਕ ਨੈਪਰੈਕ ਸਪ੍ਰੇ ਪੰਪ ਹੈ, ਜੋ ਠੀਕ ਕੰਮ ਕਰਨ ਦੀ ਸਥਿਤੀ ਵਿੱਚ ਹੈ, ਅਤੇ 9 ਲੀਟਰ ਤੋਂ ਵੱਧ ਦੀ ਸਮੱਰਥਾ ਨਾਲ ਪਾਣੀ ਨਾਲ ਪੂਰੀ ਤਰ੍ਹਾਂ ਚਾਰਜ ਹੈ, ਜਾਂ
  - ਘੱਟੋ ਘੱਟ ਇੱਕ ਵਾਟਰ (ਸਟੋਰਡ ਪ੍ਰੈਸ਼ਰ) ਫਾਇਰ ਐਕਸਟੰਗੁਇਸ਼ਰ ਹੈ, ਜੋ ਠੀਕ ਕੰਮ ਕਰਨ ਦੀ ਸਥਿਤੀ ਵਿੱਚ ਹੈ, ਅਤੇ ਜਿਸਨੂੰ 9 ਲੀਟਰ ਤੋਂ ਵੱਧ ਦੀ ਸਮੱਰਥਾ ਨਾਲ ਪਾਣੀ ਨਾਲ ਪੂਰੀ ਤਰ੍ਹਾਂ ਚਾਰਜ ਕਰਕੇ ਅਤੇ ਸਹੀ ਪ੍ਰੈਸ਼ਰ ਤੇ ਰੱਖਿਆ ਜਾਂਦਾ ਹੈ।

### ਉਨ੍ਹਾਂ ਦਿਨਾਂ ਦੌਰਾਨ ਜਦੋਂ ਅੱਗ ਬਾਲਣ ਤੇ ਪੂਰੀ ਤਰ੍ਹਾਂ ਪਾਬੰਦੀ ਲੱਗੀ ਹੋਵੇ

ਜਿੱਥੇ ਸੰਭਵ ਹੋਵੇ ਅਜਿਹਾ ਕਰਨ ਤੋਂ ਬਚਾਓ ਕਰਨਾ ਚਾਹੀਦਾ ਹੈ ਕਿਉਂਕਿ ਅੱਗ ਦੇ ਸ਼ੁਰੂ ਹੋਣ ਦਾ ਖਤਰਾ ਬਹੁਤ ਵੱਧ ਹੁੰਦਾ ਹੈ ਅਤੇ ਇਨ੍ਹਾਂ ਦਿਨਾਂ ਦੌਰਾਨ ਅੱਗ ਦਾ ਅਸਰ ਹੋਰ ਵੀ ਵੱਧ ਹੁੰਦਾ ਹੈ।

ਜੇਕਰ ਕੰਮ ਲਾਜ਼ਮੀ ਹੈ, ਤਾਂ ਫਾਇਰ ਡੇਂਜ਼ਰ ਪੀਰਿਅਡ ਲਈ ਲਗਵੇਂ ਕਾਲਮ ਵਿੱਚ ਦਿੱਤੇ ਦਿਸ਼ਾਨਿਰਦੇਸ਼ਾ ਦੀ ਪਾਲਣਾ ਕਰੋ।

ਧਿਆਨ ਦਿਓ ਕਿ ਸਪਾਰਕ ਅਰੈਸਟਰ, ਨੈਪਸੈਕ ਸਪ੍ਰੇ ਪੰਪ ਅਤੇ ਵਾਟਰ ਫਾਇਰ ਐਕਸਟੰਗੁਇਸ਼ਰ, ਜਿੰਨਾ ਬਾਰੇ ਉੱਪਰ ਦੱਸਿਆ ਗਿਆ ਹੈ, ਉਹ ਲਾਗੂ ਆਸਟ੍ਰੇਲੀਆਈ ਮਿਆਰਾਂ ਦੀ ਪਾਲਣਾ ਕਰਦੇ ਹੋਣੇ ਚਾਹੀਦੇ ਹਨ।

ਅੱਗ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਅੱਗ ਨਾਲ ਸੰਬੰਧਤ ਪਾਬੰਦੀ ਕਾਨੂੰਨਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ।

ਅੱਗ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਕਰਕੇ ਅੱਗ ਹੋਰਨਾਂ ਸੰਪਤੀਆਂ ਤੱਕ ਨਹੀਂ ਫੈਲਦੀ ਹੈ। ਜੇਕਰ ਕੋਈ ਵਿਅਕਤੀ ਜਾਣਬੁੱਝ ਕੇ ਜਾਂ ਲਾਪਰਵਾਹੀ ਨਾਲ ਅੱਗ ਲਾਉਂਦਾ ਹੈ ਜਾਂ ਲਗਾਈ ਰੱਖਦਾ ਹੈ ਜਾਂ ਇਸਨੂੰ ਕਾਬੂ ਕਰਨ ਵਿੱਚ ਅਸਫਲ ਹੁੰਦਾ ਹੈ ਅਤੇ ਇਸਨੂੰ ਹੋਰਨਾਂ ਸੰਪਤੀਆਂ ਤੱਕ ਫੈਲਣ ਦਿੰਦਾ ਹੈ ਤਾਂ Crimes Act 1958 (Vic) ਅਧੀਨ ਗੰਭੀਰ ਜੁਰਮਾਨੇ ਲਾਗੂ ਹੁੰਦੇ ਹਨ।

**ਮੈਂ ਆਪਣੀ ਸੰਪਤੀ ਤੇ ਕੁੱਝ ਸਾੜਣ ਦੀ ਯੋਜਨਾ ਬਣਾ ਰਿਹਾ/ਰਹੀ ਹਾਂ। ਮੈਂ ਐਮਰਜੇਂਸੀ ਸੇਵਾਵਾਂ ਨੂੰ ਇਸਦੀ ਸੂਚਨਾ ਕਿਵੇਂ ਦਵਾਂ?**

ਜੇਕਰ ਤੁਹਾਨੂੰ CFA ਜਾਂ ਨਗਰਪਾਲਿਕਾ ਦੇ ਕਿਸੇ ਫਾਇਰ ਪਰਵੈਨਸ਼ਨ ਅਫਸਰ ਦੁਆਰਾ ਅੱਗ ਬਾਲ ਕੇ ਕਿਸੇ ਚੀਜ਼ ਨੂੰ ਸਾੜਣ ਦਾ (ਬਰਨ-ਆਫ) ਪਰਮਿਟ ਜਾਰੀ ਕੀਤਾ ਗਿਆ ਹੈ, ਤਾਂ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਐਮਰਜੇਂਸੀ ਸਰਵਿਸਿਸ ਟੈਲੀਕਮਯੁਨਿਕੇਸ਼ਨਸ ਅਥਾਰਟੀ (ESTA) ਨੂੰ 1800 668 511 ਤੇ ਫੋਨ ਕਰਕੇ ਅਤੇ ਪਰਮਿਟ ਦੀਆਂ ਸ਼ਰਤਾਂ ਵਿੱਚ ਪਛਾਣ ਕੀਤੇ ਕਿਸੇ ਹੋਰ ਵਿਅਕਤੀ ਨੂੰ ਇਸਦੀ ਪਹਿਲਾਂ ਤੋਂ ਸੂਚਨਾ ਦਿਓ।

**ਮੈਂ ਵਧੇਰੀ ਜਾਣਕਾਰੀ ਦਾ ਪਤਾ ਕਿਵੇਂ ਲਗਾਵਾਂ ਜਾਂ ਪਰਮਿਟ ਲਈ ਅਰਜ਼ੀ ਕਿਵੇਂ ਪਾ ਸਕਦਾ/ਸਕਦੀ ਹੈ?**

ਇਸ ਗਾਈਡ ਬਾਰੇ ਕਿਸੇ ਸਪਸ਼ਟੀਕਰਨ ਜਾਂ ਵਧੇਰੀ ਜਾਣਕਾਰੀ ਲਈ, ਜਾਂ ਪਰਮਿਟ ਦਾ ਅਰਜ਼ੀ ਫਾਰਮ ਪ੍ਰਾਪਤ ਕਰਨ ਲਈ, cfa.vic.gov.au ਵੇਖੋ, ਆਪਣੀ ਲੋਕਲ CFA ਡਿਸਟਿਕ ਦੇ ਮੁੱਖ ਦਫਤਰ ਨਾਲ ਸੰਪਰਕ ਕਰੋ ਜਾਂ (03) 9262 8444 ਤੇ ਫੋਨ ਕਰੋ। CFA ਡਿਸਟਿਕ ਦੇ ਮੁੱਖ ਦਫਤਰਾਂ ਦੇ ਸੰਪਰਕ ਨੰਬਰਾਂ ਦੀ ਸੂਚੀ CFA ਦੀ ਵੈੱਬਸਾਈਟ ਤੇ ਉਪਲਬਧ ਹੈ।

ਜੇਕਰ ਮੈਟਰੋਪੋਲੀਟਨ ਫਾਇਰ ਡਿਸਟਿਕ ਵਿੱਚ ਸੰਚਾਲਨ ਕਰਨ ਲਈ ਤੁਹਾਨੂੰ ਪਰਮਿਟ ਦੀ ਲੋੜ ਹੈ, ਤਾਂ MFB ਨਾਲ (03) 9662 2311 ਜਾਂ mfb.vic.gov.au ਤੇ ਸੰਪਰਕ ਕਰੋ।

ਮੈਲਬੋਰਨ ਦੀਆਂ ਕਈ ਉੱਤਰ-ਪੂਰਬੀ ਅਤੇ ਪੂਰਬੀ ਨਗਰਪਾਲਿਕਾਵਾਂ ਵਿੱਚ, DELWP ਦੀਆਂ ਅੱਗ ਸੰਬੰਧੀ ਪਾਬੰਦੀਆਂ ਸਰਕਾਰੀ ਜ਼ਮੀਨ ਦੀ ਸੀਮਾ ਦੇ 1.5 ਕਿਲੋਮੀਟਰ ਤੱਕ ਵੀ ਲਾਗੂ ਹੁੰਦੀਆਂ ਹਨ। ਵੇਰਵੇ ਲਈ DELWP ਦੀ ਵੈੱਬਸਾਈਟ ਦੀ ਜਾਂਚ ਕਰੋ।

ਜੇਕਰ ਤੁਹਾਨੂੰ ਪਰਮਿਟ ਲੈਣ ਦੀ ਅਰਜ਼ੀ ਪਾਉਣ ਦੀ ਲੋੜ ਹੈ, ਤਾਂ DELWP ਨਾਲ 136 186 ਜਾਂ delwp.vic.gov.au ਤੇ ਸੰਪਰਕ ਕਰੋ।